ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,
ਫੇਜ਼ 3 ਬੀ-1, ਐਸ.ਏ.ਐਸ.ਨਗਰ।
www.educationrecruitmentboard.com

## ਉਮੀਦਵਾਰਾਂ ਲਈ ਹਦਾਇਤਾਂ

ਪੰਜਾਬ ਸਿੱਖਿਆ ਵਿਭਾਗ ਵੱਲੋਂ ਮਾਸਟਰ ਕਾਡਰ ਦੇ **ਪੰਜਾਬੀ** ਵਿਸ਼ੇ ਦੀਆਂ 398 ਅਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਵੱਲੋਂ, ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ।ਜਿਹੜੇ ਉਮੀਦਵਾਰਾਂ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕੀਤਾ ਸੀ,ਉਨ੍ਹਾਂ ਦਾ ਲਿਖਤੀ ਟੈਸਟ ਲਿਆ ਗਿਆ ਸੀ।ਜੋ ਉਮੀਦਵਾਰ ਇਸ ਲਿਖਤੀ ਟੈਸਟ ਵਿੱਚੋਂ ਪਾਸ ਹੋਏ ਹਨ, ਦੀ ਸਕਰੂਟਨੀ ਕਰਨ ਉਪਰੰਤ ਪ੍ਰੋਵੀਜਨਲ ਚੋਣ ਸੂਚੀਆਂ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ ਸਨ।ਵਿਸ਼ਾਵਾਰ ਲਿਖਤੀ ਟੈਸਟ ਵਿੱਚ ਅਗਲੀ ਮੈਰਿਟ ਦੇ ਉਮੀਦਵਾਰਾਂ ਨੂੰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਮਾਈਰੋਸਾਫ਼ਟ ਬਿਲਡਿੰਗ ਫੇਜ 3 ਬੀ-1 ਐਸ.ਏ.ਐਸ.ਨਗਰ ਵਿਖੇ ਹੇਠਾਂ ਦਰਸਾਏ ਗਏ ਸ਼ਡਿਊਲ ਅਨੁਸਾਰ ਸਵੇਰੇ 10.00 ਵਜੇ ਤੋਂ ਸ਼ਾਮ 3.00 ਵੱਜੇ ਤੱਕ ਅਸਲ ਦਸਤਾਵੇਜਾ ਦੀ ਸਕਰੂਟਿਨੀ ਲਈ ਸੱਦਾ ਦਿੱਤਾ ਜਾਂਦਾ ਹੈ।

ਬਿਨੈਕਾਰ ਨਿਰਿਧਾਰਿਤ ਸ਼ਡਿਊਲ ਅਨੁਸਾਰ ਦਸਤਾਵੇਜਾਂ ਦੀ ਸਕਰੂਟਿਨੀ ਤੇ ਆਉਣ ਤੋਂ ਪਹਿਲਾਂ ਹੇਠ ਦਰਸਾਏ ਅਨੁਸਾਰ **ਸਕਰੂਟਿਨੀ ਫਾਰਮ ਵਿਭਾਗ ਦੀ ਵੈਬਾਈਟ ਤੋਂ ਡਾਊਨਲੋਡ ਕਰਕੇ ਉਸ ਨੂੰ ਸਾਫ਼ ਸੁੱਥਰਾ ਭਰਨ ਉਪਰੰਤ ਆਪਣੇ ਸਰਟੀਫਿਕੇਟਾਂ ਨੂੰ ਇੱਕ Running PDF ਤਿਆਰ ਕਰਕੇ** punjabi3582@gmail.com**ਤੇ ਈਮੇਲ ਦੇ SUBJECT ਕਾਲਮ ਵਿੱਚ ਆਪਣਾ ਰਜਿਸਟਰੇਸ਼ਨ ਨੰਬਰ ਅਤੇ ਨਾਮ ਭਰ ਕੇ e-mail ਕਰੇਗਾ।**

1. ਜਨਮ ਮਿਤੀ ਸਬੰਧੀ ਦਸਵੀ ਦਾ ਸਰਟੀਫਿਕੇਟ
2. ਪੰਜਾਬੀ ਪਾਸ ਕਰਨ ਦਾ ਸਬੂਤ(ਦਸਵੀਂ ਕਲਾਸ ਜਾਂ ਉਚੇਰੀ ਪੱਧਰ ਤੇ)
3. ਬੀ.ਏ. ਭਾਗ I, II,III ਦੇ DMC ਅਤੇ ਡਿਗਰੀ।
4. ਬੀ.ਐਡ.ਦੀ DMC ਅਤੇ ਡਿਗਰੀ।
5. ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ।
6. ਪੰਜਾਬ ਰਾਜ ਵਸਨੀਕ ਹੋਣ ਦਾ ਸਬੂਤ(ਕੇਵਲ ਉਹੀ ਉਮੀਦਵਾਰ ਜਿਨ੍ਹਾਂ ਨੇ ਕਿਸੇ ਰਿਜ਼ਰਵ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ)।
7. ਆਮਦਨ ਸਬੰਧੀ ਸਵੈ-ਘੋਸ਼ਣਾ ਪੱਤਰ (ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕਰਕੇ ਭਰਨ ਉਪਰੰਤ) ਜਿਹੜੇ ਉਮੀਦਵਾਰਾਂ ਨੇ ਪੱਛੜੀ ਸ਼੍ਰੇਣੀ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ)।
8. ਵਿਦਿਅਕ ਯੋਗਤਾ ਸਬੰਧੀ ਸਵੈ-ਘੋਸ਼ਣਾ ਸਬੰਧੀ ਪ੍ਰੋਫਾਰਮਾ।(ਜਿਨ੍ਹਾਂ ਉਮੀਦਵਾਰਾਂ ਨੇ ਪੰਜਾਬ ਰਾਜ ਤੋ ਬਾਹਰਲੇ ਰਾਜਾਂ ਤੋਂ ਵਿਦਿਅਕ ਯੋਗਤਾ ਪ੍ਰਾਪਤ ਕੀਤੀ ਹੈ)

ਉਮੀਦਵਾਰ ਦਸਤਾਵੇਜਾਂ ਦੀ ਸਕਰੂਟਿਨੀ ਤੇ ਆਉਣ ਸਮੇਂ ਆਪਣੇ ਨਾਲ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕ ਕੀਤੀਆਂ ਫੋਟੋਕਾਪੀਆਂ ਦਾ ਇੱਕ ਸੈੱਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਗਈ ਫੀਸ ਦਾ ਸਬੂਤ, ਆਨਲਾਈਨ ਅਪਲਾਈ ਕਰਨ ਦਾ ਫਾਰਮ, ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕੀਤਾ ਸਕਰੂਟਨੀ ਫਾਰਮ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਉਕਤ ਦਰਸਾਈ ਤਰਤੀਬ ਅਨੁਸਾਰ ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਦਸਤਾਵੇਜਾ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

**ਸਕਰੂਟਿਨੀ ਲਈ ਸਡਿਊਲ ਹੇਠ ਅਨੁਸਾਰ ਹੈ:-**

| ਲੜੀ ਨੰਬਰ | ਸਕਰੂਟਿਨੀ ਦੀ ਮਿਤੀ | ਵੇਰਵੇ |
|---|---|---|
| 1 | 25.07.2019 | ਵਿਭਾਗ ਦੀ ਵੈਬਸਾਈਟ ਤੇ ਪਾਈ ਲਿਸਟ ਅਨੁਸਾਰ |

1. ਉਪਰੋਕਤ ਦਿੱਤੇ ਸਡਿਊਲ ਅਨੁਸਾਰ ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਕਰਵਾਉਣ ਲਈ ਨਿੱਜੀ ਪੱਧਰ ਤੇ ਹਾਜ਼ਰ ਹੋਣਾ ਯਕੀਨੀ ਬਨਾਉਣ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਵੇਜਾ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ।ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਅਸਲ ਦਸਤਾਵੇਜ, ਦਸਤਾਵੇਜਾ ਦੀ ਸਕਰੂਟਨੀ ਲਈ ਗਠਿਤ ਸਬ-ਕਮੇਟੀਆਂ ਕੋਲੋਂ ਚੈਕ ਕਰਵਾਉਣੇ ਅਤਿ ਜਰੂਰੀ ਹਨ।ਦਸਤਾਵੇਜ ਚੈਕ ਨਾਂ ਕਰਵਾਉਣ ਦੀ ਸੂਰਤ ਵਿੱਚ ਜਾਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. ਸਪੱਸ਼ਟ ਕੀਤੀ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ **F.I.R. ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।**

ਡਿਪਟੀ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ, ਐਸ.ਏ.ਐਸ.ਨਗਰ।